ਦਫਤਰ ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ 8, ਐਸ.ਏ.ਐਸ. ਨਗਰ
ਫੋਨ ਨੰ: 0172-2212221, ਈ.ਮੇਲ: scertaffliation@punjabeducation.gov.in

ਹੁਕਮ ਨੰ: ਈ.239828- SCERT-AFI09/15/2021-AFFILLIATION-SCERT
ਮਿਤੀ : ਐਸ.ਏ.ਐਸ. ਨਗਰ: 16-09-2021

ਰਾਜ ਅੰਦਰ 15 ਜਿਲ੍ਹਾ ਸਿੱਖਿਆ ਅਤੇ ਸਿੱਖਲਾਈ ਸੰਸਥਾਵਾਂ (ਡਾਇਟਾਂ) ਅਤੇ 111 ਪ੍ਰਾਈਵੇਟ ਸੈਲਫ਼ ਫਾਇਨਾਂਸਡ ਕਾਲਜਾਂ ਵਿੱਚ ਸੈਸ਼ਨ 2020-22 ਸਾਲ ਪਹਿਲਾ ਦੌਰਾਨ ਲੱਗਭੱਗ 3500 ਸਿੱਖਿਆਰਥੀਆਂ ਨੂੰ ਡੀ.ਐੱਲ.ਐੱਡ. ਦਾ ਕੋਰਸ ਕਰਵਾਇਆ ਜਾ ਰਿਹਾ ਹੈ।

ਕੋਰਸ ਕਰ ਰਹੇ ਸਿੱਖਿਆਰਥੀਆਂ ਨੂੰ ਭਵਿੱਖ ਵਿੱਚ ਚੰਗੇ ਅਧਿਆਪਕ ਬਣਾਉਣ ਲਈ ਅਤੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਵਾਸਤੇ ਕੋਰਸ ਕਰ ਰਹੇ ਸਿਖਿਆਰਥੀਆਂ ਨੂੰ ਵੱਧ ਤੋਂ ਵੱਧ ਸਮਾਂ ਟੀਚਿੰਗ ਪ੍ਰੈਕਟਿਸ ਲਈ ਦਿੱਤਾ ਜਾਣਾ ਹੈ ਤਾਂ ਜੋ ਇਹ ਸਿੱਖਿਆਰਥੀ ਭਵਿੱਖ ਵਿੱਚ ਵਧੀਆ ਅਧਿਆਪਕ ਬਣ ਸਕਣ , ਸਕੂਲਾਂ ਦੇ ਕੰਮਾਂ-ਕਾਰਾਂ ਵਿੱਚ ਹਰ ਪੱਖ ਤੋਂ ਜਾਣੂ ਹੋ ਸਕਣ। ਡੀ.ਐਲ.ਐਡ. ਕੋਰਸ ਸੈਸ਼ਨ 2020-22 (ਸਾਲ ਪਹਿਲਾ) ਕਰ ਰਹੇ ਸਿੱਖਿਆਰਥੀਆਂ ਨੂੰ ਪ੍ਰਾਇਮਰੀ ਸਕੂਲਾਂ ਵਿੱਚ ਲੱਗਭੱਗ 28 ਦਿਨ (4 ਹਫਤੇ ) ਦੀ ਟੀਚਿੰਗ ਪ੍ਰੈਕਟਿਸ ਹੇਠ ਲਿਖੇ ਅਨੁਸਾਰ ਕਰਵਾਈ ਜਾਵੇਗੀ:

1) ਪੰਜਾਬ ਰਾਜ ਦੀਆਂ ਸਮੂਹ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਅਤੇ ਸੈਲਫ ਫਾਇਨਾਂਸਡ ਕਾਲਜਾਂ ਦਾ ਸਮਾਂ ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ ਹੋਵੇਗਾ।
2) ਇਨ੍ਹਾਂ ਸੰਸਥਾਵਾਂ ਵਿੱਚ ਮਹੀਨੇ ਦੇ ਦੂਜੇ ਸ਼ਨੀਵਾਰ ਦੀ ਛੁੱਟੀ ਹੋਵੇਗੀ।
3) ਸੰਸਥਾ ਦਾ ਵਰਕਿੰਗ ਦਾ ਸਮਾਂ ਸਪਤਾਹ ਵਿੱਚ 5 ਦਿਨਾਂ ਦੀ ਬਜਾਏ 6 ਦਿਨਾਂ ਦਾ ਹੋਵੇਗਾ।
4) ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ 2020-22 ਸਾਲ ਪਹਿਲਾ, ਮਿਤੀ **20-09-2021 ਤੋਂ 25.10.2022 = 28** Working days (4 ਹਫਤੇ) ਦੀ ਹੋਵੇਗੀ।
5) 150 ਦਿਨਾਂ ਦੀ ਕਲਾਸਰੂਮ ਟੀਚਿੰਗ ਅਤੇ ਲੱਗ-ਭੱਗ 28 ਦਿਨ ਦੀ ਟੀਚਿੰਗ ਪ੍ਰੈਕਟਿਸ ਹੋਣ ਉਪਰੰਤ ਸਾਲਾਨਾ ਪ੍ਰੀਖਿਆ ਕਰਵਾਉਣ ਸਬੰਧੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ।
6) ਸਿੱਖਿਆਰਥੀ ਨੂੰ ਟੀਚਿੰਗ ਪ੍ਰੈਕਟਿਸ ਲਈ ਸਕੂਲਾਂ ਦੀ ਅਲਾਟਮੈਂਟ ਕਰਨ ਲਈ ਹਰੇਕ ਜਿਲ੍ਹੇ ਵਿੱਚ ਸਬੰਧਤ ਡਾਇਟ ਪ੍ਰਿੰਸੀਪਲ, ਡੀ.ਈ.ਓ.(ਐ:ਸਿ:), ਜ਼ਿਲ੍ਹਾ ਕੋਆਰਡੀਨੇਟਰ "ਪੜ੍ਹੋ ਪੰਜਾਬ ਪੜ੍ਹਾਓ ਪੰਜਾਬ" PPPP ਦੀ ਕਮੇਟੀ ਗਠਿਤ ਕਰਕੇ ਸਿੱਖਿਆਰਥੀਆਂ ਨੂੰ ਅਧਿਆਪਕਾਂ ਦੀ ਘਾਟ ਵਾਲੇ ਸਕੂਲਾਂ ਦੀ ਅਲਾਟਮੈਂਟ ਜਿਲ੍ਹਾ ਸਿੱਖਿਆ ਅਫਸਰ (ਐ:ਸਿ:) ਦੀ ਪ੍ਰਧਾਨਗੀ ਵਿੱਚ ਕੀਤੀ ਜਾਵੇਗੀ
7) ਸਕੂਲ ਅਲਾਟ ਕਰਨ ਤੋਂ ਪਹਿਲਾ ਇਹ ਕਮੇਟੀ ਇਹ ਸੁਨਿਸ਼ਚਿਤ ਕਰੇਗੀ ਕਿ ਸਟੇਸ਼ਨ ਅਲਾਟ ਕਰਦੇ ਸਮੇਂ ਹੇਠ ਲਿਖੇ ਅਨੁਸਾਰ criteria ਬਣਾਇਆ ਜਾਵੇ:

70% of the marks obtained in 10+2
10 marks for graduation
10 Marks for Female Candidates
10 Marks for handicapped (As per Punjab Government rules

8) ਕਾਊਸਲਿੰਗ ਸਮੇਂ ਡਾਇਟ ਪ੍ਰਿੰਸੀਪਲ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਜ਼ਿਲ੍ਹੇ ਅੰਦਰ ਚੱਲ ਰਹੇ ਸੈਲਫ ਫਾਇਨਾਂਸਡ ਕਾਲਜ ਦੀ ਕਾਊਸਲਿੰਗ ਵੀ ਡਾਇਟ ਦੇ ਵਿਦਿਆਰਥੀਆਂ ਦੇ ਨਾਲ ਹੀ ਹੋ ਰਹੀ ਹੈ। ਕਿਸੇ ਵੀ ਸੈਲਫ ਫਾਇਨਾਂਸਡ ਕਾਲਜ ਦੇ ਵਿਦਿਆਰਥੀ ਨੂੰ ਅਲੱਗ ਤੋਂ ਅਲਾਟਮੈਂਟ ਨਹੀਂ ਕੀਤੀ ਜਾਵੇਗੀ। ਅਲਾਟਮੈਂਟ ਦੌਰਾਨ ਜੇਕਰ ਕਿਸੇ ਸੈਲਫ ਫਾਇਨਾਂਸਡ ਕਾਲਜ ਦਾ ਵਿਦਿਆਰਥੀ ਇਸ ਕਾਊਸਲਿੰਗ ਤੋਂ ਵਾਂਝਾ ਰਹਿ ਗਿਆ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਡਾਇਟ ਪ੍ਰਿੰਸੀਪਲ ਦੀ ਫ਼ਿਕਸ ਕੀਤੀ ਜਾਵੇਗੀ।

9) ਸਿੱਖਿਆਰਥੀ ਆਪਣੇ ਦਾਖਲ ਹੋਏ ਕਾਲਜ ਦੇ ਜ਼ਿਲ੍ਹੇ ਤੋਂ ਆਪਣੇ ਪਿੱਤਰੀ ਜ਼ਿਲ੍ਹੇ (Home District) ਨੂੰ (ਜਿਸ ਜ਼ਿਲ੍ਹੇ ਦਾ ਵਾਸੀ ਹੈ) ਟੀਚਿੰਗ ਪ੍ਰੈਕਟਿਸ ਲਈ ਜੇਕਰ ਸੰਭਵ ਹੋਵੇਗਾ ਤਾਂ ਆਪਟ (opt) ਕਰ ਸਕਦਾ ਹੈ। ਜੇਕਰ ਕੋਈ ਸਿੱਖਿਆਰਥੀ ਆਪਣੇ ਹੋਮ ਜ਼ਿਲ੍ਹੇ ਤੋਂ ਇਲਾਵਾ ਕਿਸੇ ਹੋਰ ਜ਼ਿਲ੍ਹੇ ਵਿੱਚ ਟੀਚਿੰਗ ਪ੍ਰੈਕਟਿਸ ਲਗਵਾਉਂਦਾ ਹੈ ਤਾਂ ਉਸ ਨੂੰ ਸਕੂਲ ਇੰਟਰਨਸ਼ਿਪ ਲਈ ਨਿਰਧਾਰਿਤ 200 ਅੰਕਾਂ (ਪ੍ਰੈਕਟੀਕਲ ਲਈ 150 ਅੰਕ + ਅਸੈਸਮੈਂਟ ਲਈ 50 ਅੰਕ) ਵਿੱਚਲੇ 50 ਅੰਕਾਂ ਵਿੱਚੋਂ 10 ਅੰਕ ਅਸੈਸਮੈਂਟ ਸਮੇਂ ਦਿੱਤੇ ਜਾਣ।

10) ਸਮੂਹ ਡਾਇਟ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਟੀਚਿੰਗ ਪ੍ਰੈਕਟਿਸ ਦੀ ਮੈਰਿਟ ਦੇ ਆਧਾਰ ਤੇ ਕੀਤੀ ਗਈ ਅਲਾਟਮੈਂਟ ਦਾ ਕੰਮ ਦੋ ਦਿਨਾਂ ਵਿੱਚ ਮੁਕੰਮਲ ਕਰਕੇ, ਅਲਾਟਮੈਂਟ ਦਾ ਮੁਕੰਮਲ ਰਿਕਾਰਡ ਦਫਤਰ ਐਸ.ਸੀ.ਈ.ਆਰ.ਟੀ. ਦੀ ਈ.ਮੇਲ (scertaffiliation@punjabeducation.gov.in) ਤੇ ਭੇਜਿਆ ਜਾਵੇ।

11) ਜ਼ਿਲ੍ਹਾ ਫਾਜਿਲਕਾ ਦੀ ਟੀਚਿੰਗ ਪ੍ਰੈਕਟਿਸ ਡਾਇਟ ਫਿਰੋਜ਼ਪੁਰ ਰਾਹੀਂ ਕੀਤੀ ਜਾਵੇਗੀ ਅਤੇ ਸਕੂਲਾਂ ਦੀ ਅਲਾਟਮੈਂਟ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:) ਫਾਜਿਲਕਾ ਅਤੇ ਫਿਰੋਜ਼ਪੁਰ ਦੋਵਾਂ ਵੱਲੋਂ ਆਪਸੀ ਤਾਲਮੇਲ ਬਣਾ ਕੇ ਸੰਯੁਕਤ ਕਮੇਟੀ ਵੱਲੋਂ ਕੀਤੀ ਜਾਵੇ।

12) 30 ਵਿਦਿਆਰਥੀਆਂ ਪਿੱਛੇ ਇੱਕ ਸਿੱਖਿਆਰਥੀ ਟ੍ਰੇਨਿੰਗ ਲਈ ਭੇਜਿਆ ਜਾਵੇ।

13) ਟੀਚਿੰਗ ਪ੍ਰੈਕਟਿਸ ਲਈ ਸਕੂਲਾਂ ਦੀ ਅਲਾਟਮੈਂਟ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇਗੀ।

14) ਟੀਚਿੰਗ ਪ੍ਰੈਕਟਿਸ ਦਾ ਸਮਾਂ ਸਕੂਲ ਸਮਾਂ ਹੀ ਹੋਵੇਗਾ।

15) ਟ੍ਰੇਨਿੰਗ ਦੇ ਅੰਤ ਵਿੱਚ ਸਕੂਲ ਮੁਖੀ, C.M.T ਅਤੇ B.M.T ਬਕਾਇਦਾ ਇਹ ਤਸਦੀਕ ਕਰਨਗੇ ਕਿ ਇਨ੍ਹਾਂ ਵਿਦਿਆਰਥੀਆਂ ਦੇ ਸਿੱਖਣ-ਪੱਧਰ ਦੇ ਪੱਧਰ ਵਿੱਚ ......ਤੋਂ ...... ਤੱਕ ਸੁਧਾਰ ਕੀਤਾ ਗਿਆ ਹੈ। ਇਸ ਲਈ ਇਨ੍ਹਾਂ ਸਿੱਖਿਆਰਥੀਆਂ ਦਾ ਕੰਮ-ਕਾਜ ਤਸੱਲੀ ਬਖਸ਼ ਪਾਇਆ ਗਿਆ ਹੈ।

16) ਟੀਚਿੰਗ ਪ੍ਰੈਕਟਿਸ ਲਈ ਹਰ ਸਿੱਖਿਆਰਥੀ ਇੱਕ ਨੋਟਬੁੱਕ ਲਗਾਵੇਗਾ ਅਤੇ ਉਸ ਵਿੱਚ ਲਿਖੀ ਹਰ ਲੈਸਨ ਪਲਾਨ ਟੀਚਰ ਐਜੂਕੇਟਰ ਤੋਂ ਚੈੱਕ ਕਰਵਾਏਗਾ। ਟੀਚਿੰਗ ਪ੍ਰੈਕਟਿਸ ਵਾਲੇ ਸਕੂਲ ਵਿੱਚ ਇਨ੍ਹਾਂ ਸਿੱਖਿਆਰਥੀਆਂ ਲਈ ਇੱਕ ਹਾਜਰੀ ਰਜਿਸਟਰ ਲਗਾਇਆ ਜਾਵੇਗਾ ਜਿਸ ਵਿੱਚ ਸਿੱਖਿਆਰਥੀ ਸਵੇਰ ਅਤੇ ਸ਼ਾਮ ਦੀ ਆਪਣੀ ਹਾਜਰੀ ਲਗਾਉਣਾ ਯਕੀਨੀ ਬਣਾਉਣਗੇ।

17) ਸਕੂਲ ਮੁਖੀ ਇਹ ਯਕੀਨੀ ਬਣਾਵੇਗਾ ਕਿ ਟੀਚਿੰਗ ਪ੍ਰੈਕਟਿਸ ਦੌਰਾਨ ਉਹ ਖ਼ੁਦ ਅਤੇ ਸਕੂਲ ਦੇ ਵੀ ਅਧਿਆਪਕ ਜਿਸ ਦਾ ਪੀਰੀਅਡ ਖਾਲੀ (Free) ਹੋਵੇਗਾ ਉਹ ਅਧਿਆਪਕ ਇਨ੍ਹਾਂ ਸਿੱਖਿਆਰਥੀਆਂ ਨੂੰ ਆਬਜ਼ਰਵ ਕਰੇਗਾ ਅਤੇ ਸਿੱਖਿਆਰਥੀਆਂ ਦੀ ਨੋਟ-ਬੁੱਕ ਵਿੱਚ ਪੜ੍ਹਾਏ ਗਏ Topic ਸਬੰਧੀ ਆਪਣੇ ਕਮੈਂਟ ਵੀ ਲਿਖੇਗਾ।

18) ਸਕੂਲ ਮੁਖੀ ਵੱਲੋਂ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ (PPPP) ਦੀ ਟੀਮ ਦੇ ਸਹਿਯੋਗ ਨਾਲ ਸਿੱਖਿਆਰਥੀਆਂ ਨੂੰ ਜਮਾਤ ਦੇਣ ਵੇਲੇ ਬੱਚਿਆਂ ਦੀ ਪਹਿਲਾਂ ਜਾਂਚ ਕਰਕੇ ਹੀ ਜਮਾਤ ਜਾਂ ਪੱਧਰ ਅਨੁਸਾਰ ਬੱਚੇ ਦੇਵੇਗਾ ਅਤੇ ਇਨ੍ਹਾਂ ਵੱਲੋਂ ਦਿੱਤਾ ਗਿਆ ਟੀਚਾ ਪੂਰਾ ਕਰਨਾ ਹੋਵੇਗਾ। ਸਮੇਂ ਸਮੇਂ ਸਿਰ ਸਕੂਲ ਮੁਖੀ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ (PPPP) ਟੀਮ ਮੈਂਬਰਾਂ ਵੱਲੋਂ ਮੋਨੀਟਰ ਕਰਕੇ ਬੱਚਿਆਂ ਦੇ ਸਿੱਖਣ ਪੱਧਰਾਂ ਵਿੱਚ ਹੋ ਰਹੇ ਸੁਧਾਰਾਂ ਦਾ ਰਿਕਾਰਡ ਰੱਖਿਆ ਜਾਵੇਗਾ । ਜੇਕਰ ਬੱਚਿਆਂ ਦੇ ਪੜ੍ਹਨ ਲਿਖਣ ਵਿੱਚ ਸੁਧਾਰ ਨਹੀਂ ਹੋਵੇਗਾ, ਤਾਂ ਸਬੰਧਤ ਡਾਇਟ ਪ੍ਰਿੰਸੀਪਲ ਨੂੰ ਵੀ ਇਸ ਬਾਰੇ ਸੂਚਿਤ ਕੀਤਾ ਜਾਵੇਗਾ, ਅਤੇ ਇਨ੍ਹਾਂ ਦੇ ਨਤੀਜਾ ਕਾਰਡ ਵਿੱਚ ਇਸ ਬਾਰੇ ਟਿੱਪਣੀ ਦਰਜ ਕਰਨੀ ਜਰੂਰੀ ਹੋਵੇਗੀ।

19) ਪੜ੍ਹੋ ਪੰਜਾਬ ਪੜ੍ਹਾਓ ਪੰਜਾਬ (PPPP) ਟੀਮ ਮੈਂਬਰ ਸਕੂਲ ਵਿਜ਼ਿਟ ਸਮੇਂ ਸਿੱਖਿਆਰਥੀਆਂ ਦੁਆਰਾ ਬੱਚਿਆਂ ਦੇ ਸਿੱਖਣ ਪੱਧਰਾਂ ਵਿੱਚ ਹੋਏ ਸੁਧਾਰ ਨੂੰ ਵੱਖਰੇ ਤੌਰ ਤੇ ਨੋਟ ਕਰਨਗੇ ਅਤੇ ਇਸ ਸਬੰਧੀ ਆਪਣੀ ਟਿੱਪਣੀ ਦੇਣਗੇ।

20) ਜੇਕਰ ਇਨ੍ਹਾਂ ਸਿੱਖਿਆਰਥੀਆਂ ਦੇ ਕੰਮ ਵਿੱਚ ਦਿੱਤੇ ਟੀਚੇ ਅਨੁਸਾਰ ਸੁਧਾਰ ਨਹੀਂ ਕੀਤਾ ਗਿਆ ਤਾਂ ਇਨ੍ਹਾਂ ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਸਬੰਧੀ ਨਤੀਜਾ ਕਾਰਡ ਵਿੱਚ ਸਕੂਲ ਮੁਖੀ ਸਮੇਤ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ (PPPP) ਦੇ ਟੀਮ ਮੈਂਬਰ ਇਸ ਬਾਰੇ ਟਿੱਪਣੀ ਜ਼ਰੂਰ ਦੇਣਗੇ।

17/1/19

21) ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਸ਼ੁਰੂ ਹੋਣ ਤੇ ਪਹਿਲੇ ਦੋ ਰੋਜ਼ਾ ਸਿੱਖਲਾਈ, "ਪੜ੍ਹੋ ਪੰਜਾਬ ਪੜ੍ਹਾਓ ਪੰਜਾਬ" (PPPP) ਤਹਿਤ ਜਿਲ੍ਹਾ ਅਤੇ ਬਲਾਕ ਪੱਧਰ ਤੇ ਪੜ੍ਹੋ ਪੰਜਾਬ ਟੀਮ ਵੱਲੋਂ ਕਰਵਾਉਣੀ ਜ਼ਰੂਰੀ ਹੋਵੇਗੀ ਤਾਂ ਜੋ ਇਹ ਸਿੱਖਿਆਰਥੀ ਵਿਭਾਗ ਦੇ ਨਿਯਮਾਂ ਤੇ ਨਵੀਆਂ ਸਿੱਖਣ ਤਕਨੀਕਾਂ ਤੋਂ ਜਾਣੂ ਹੋ ਸਕਣ ਅਤੇ ਭਵਿੱਖ ਵਿੱਚ ਉਨ੍ਹਾਂ ਨੂੰ ਕਿਸੇ ਕਿਸਮ ਦੀ ਔਕੜ ਦਾ ਸਾਹਮਣਾ ਨਾ ਕਰਨਾ ਪਵੇਗਾ।

22) ਟੀਚਿੰਗ ਪ੍ਰੈਕਟਿਸ ਦੌਰਾਨ ਸਿੱਖਿਆਰਥੀਆਂ ਦਾ ਪੂਰਾ ਧਿਆਨ ਵਿੱਦਿਆਰਥੀਆਂ ਦੇ ਸਿੱਖਣ ਪੱਧਰ ਵਿੱਚ ਸੁਧਾਰ ਕਰਨ ਵਿੱਚ ਹੋਵੇਗਾ। ਇਸ ਪ੍ਰਤੀ ਵਿਦਿਆਰਥੀਆਂ ਦੇ ਸਿੱਖਣ ਪੱਧਰ ਦਾ ਰਿਕਾਰਡ ਸਿੱਖਿਆਰਥੀਆਂ ਦੀ ਡਾਇਰੀ ਵਿੱਚ ਜਰੂਰ ਦਰਜ ਹੋਵੇ। ਸਿੱਖਿਆਰਥੀ ਇਸ ਬਾਰੇ ਸੂਚਨਾ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ (PPPP) ਟੀਮ ਮੈਂਬਰ ਨੂੰ ਸਕੂਲ ਵਿਜ਼ਿਟ ਸਮੇਂ ਜਰੂਰ ਦੇਣਗੇ।

23) ਸਕੂਲਾਂ ਵਿੱਚ ਦਸੰਬਰ ਮਹੀਨੇ ਦੀਆਂ ਛੁੱਟੀਆਂ ਦੌਰਾਨ ਇਹ ਸਿੱਖਿਆਰਥੀ ਆਪਣੀ ਸਬੰਧਤ ਸੰਸਥਾ ਵਿੱਚ ਹਾਜ਼ਰੀ ਯਕੀਨੀ ਬਣਾਉਣਗੇ।

24) ਟੀਚਿੰਗ ਪ੍ਰੈਕਟਿਸ ਦੌਰਾਨ ਸਕੂਲ ਮੁੱਖੀ ਇਹ ਯਕੀਨੀ ਬਣਾਉਣ ਕਿ ਸਿੱਖਿਆਰਥੀ ਪ੍ਰਤੀ ਮਹੀਨਾ ਇੱਕ ਛੁੱਟੀ ਅਵੇਲ ਕਰ ਸਕਦੇ ਹਨ।

25) ਇਹ ਵੀ ਯਕੀਨੀ ਬਣਾਇਆ ਜਾਵੇ ਕਿ ਟੀਚਿੰਗ ਪ੍ਰੈਕਟਿਸ ਤੋਂ ਪਹਿਲਾਂ NAS ਸਬੰਧੀ ਟ੍ਰੇਨਿੰਗ ਲੈਣੀ ਹਰ ਸਿੱਖਿਆਰਥੀ ਲਈ ਜਰੂਰੀ ਹੈ। ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:) ਅਤੇ ਡਾਇਟ ਪ੍ਰਿੰਸੀਪਲ ਅਧੀਨ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕਰਨਗੇ ਕਿ ਟੀਚਿੰਗ ਪ੍ਰੈਕਟਿਸ ਵਾਲੇ ਸਿੱਖਿਆਰਥੀਆਂ ਜਿਨ੍ਹਾਂ ਵੱਲੋਂ NAS ਸਬੰਧੀ ਦੋ ਰੋਜਾ ਟ੍ਰੇਨਿੰਗ ਮੁਕੰਮਲ ਕਰ ਲਈ ਹੈ, ਉਨ੍ਹਾਂ ਨੂੰ ਹੀ ਹਾਜਰ ਕਰਵਾਇਆ ਜਾਵੇ।

ਉਪਰਕੋਤ ਹੁਕਮਾਂ ਦੀ ਸਮੂਹ ਪ੍ਰਿੰਸੀਪਲਜ਼ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ, ਸੈਲਫ ਫਾਇਨਾਂਸਡ ਕਾਲਜ ਅਤੇ ਜਿਲ੍ਹਾ ਸਿੱਖਿਆ ਅਫਸਰ (ਐ:ਸਿ:) ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਉਣਗੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਕ੍ਰਿਸ਼ਨ ਕੁਮਾਰ (ਆਈ.ਏ.ਐਸ.)
ਸਕੱਤਰ, ਸਕੂਲ ਸਿੱਖਿਆ ਵਿਭਾਗ ,
ਪੰਜਾਬ।

ਪਿੱਠ ਅੰਕਣ ਨੰ: ਉਕਤ  ਮਿਤੀ: ਐਸ.ਏ.ਐਸ. ਨਗਰ 17-09-2021

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:

1) ਨਿੱ.ਸ.ਸਕੱਤਰ ਸਕੂਲ ਸਿੱਖਿਆ ਜੀ ਪੰਜਾਬ, ਚੰਡੀਗੜ੍ਹ।

2) ਨਿੱ.ਸ.ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:), ਪੰਜਾਬ।

3) ਨਿੱ.ਸ.ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

4) ਜਿਲ੍ਹਾ ਸਿੱਖਿਆ ਅਫਸਰ (ਐ:ਸਿ:), ਪੰਜਾਬ।

5) ਸਮੂਹ ਪ੍ਰਿੰਸੀਪਲਜ਼ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਪੰਜਾਬ।

6) ਸਮੂਹ ਪ੍ਰਿੰਸੀਪਲਜ਼ ਸੈਲਫ ਫਾਇਨਾਂਸਡ ਕਾਲਜਾਂ, ਪੰਜਾਬ ਰਾਜ।

7) ਸਟੇਟ ਕੋਆਰਡੀਨੇਟਰ, ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਨੂੰ ਭੇਜਕੇ ਲਿਖਿਆ ਜਾਦਾ ਹੈ ਕਿ ਲੜੀ ਨੰ: 19 ਤੇ ਦਰਜ ਅਨੁਸਾਰ ਸਿੱਖਿਆਰਥੀਆਂ ਨੂੰ ਟ੍ਰੇਨਿੰਗ ਦੇਣ ਲਈ ਯੋਗ ਪ੍ਰਬੰਧ ਕੀਤੇ ਜਾਣ।

17/9/21
ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।